MUNICIPAL COUNCIL, KURALI(DISTT S.A.S.NAGAR) Ph: 0160-500244

# ਦਫਤਰ ਨਗਰ ਕੌਂਸਲ,ਕੁਰਾਲੀ (ਜ਼ਿਲਾ ਐਸ.ਏ.ਐਸ.ਨਗਰ)

## ਪਬਲਿਕ ਨੋਟਿਸ

ਨਗਰ ਕੌਂਸਲ ਕੁਰਾਲੀ ਵੱਲੋਂ ਆਪਣੇ ਮਤਾ ਨੰ:-25 ਮਿਤੀ 02-07-2021 ਅਤੇ ਇਸ ਮਤੇ ਦੀ ਪ੍ਰਵਾਨਗੀ ਸਬੰਧੀ ਸਰਕਾਰ ਦੇ ਪੱਤਰ ਨੰ:-ਅਸ1-ਡਸਸ-2021/ 28009 ਮਿਤੀ 16/07/2021 ਰਾਹੀਂ ਅਤੇ ਸਰਕਾਰ ਵੱਲੋਂ ਸਮੇਂ ਸਮੇਂ ਨਿਰਧਾਰਿਤ ਰੈਗੂਲਰ ਤਨਖਾਹ ਸਕੇਲ ਦੀਆਂ ਅਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਸਿਰ ਨਿਰਧਾਰਿਤ ਲੇਬਰ ਰੇਟਾਂ ਦੀਆਂ ਅਦਾਇਗੀਆਂ ਤੇ ਠੇਕਾ ਅਧਾਰ 60 ਸਫਾਈ ਸੇਵਕ ਅਤੇ 10 ਸੀਵਰਮੈਨਾਂ ਦੀਆਂ ਨਿਯੁਕਤੀਆਂ ਕੀਤੀਆਂ ਜਾਣੀ ਹਨ। ਇਸ ਲਈ ਪੰਜਾਬ ਦੇ ਵਸਨੀਕ ਚਾਹਵਾਨ ਉਮੀਦਵਾਰਾਂ ਤੋਂ ਮਿਤੀ 16-08-2021 ਤੱਕ ਹੇਠ ਲਿਖੇ ਪ੍ਰੋਫਾਰਮੇ ਵਿੱਚ ਬਿਨੈ-ਪੱਤਰਾਂ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦੀ ਮੰਗ ਕੀਤੀ ਜਾਂਦੀ ਹੈ। ਚਾਹਵਾਨ ਉਮਦਵਾਰ ਮਿਤੀ 16-08-2021 ਤੱਕ ਰਜਿਸਟਰ ਡਾਕ ਰਾਹੀਂ ਜਾਂ ਦਸਤੀ ਤੌਰ ਤੇ ਬਿਨੈ-ਪੱਤਰ (ਸਮੇਤ ਦਸਤਾਵੇਜਾਂ ਦੀਆਂ ਕਾਪੀਆਂ) ਦਫਤਰ ਨਗਰ ਕੌਂਸਲ ਕੁਰਾਲੀ ਵਿਖੇ ਜਮ੍ਹਾਂ ਕਰਵਾ ਸਕਦੇ ਹਨ। ਨਿਰਧਾਰਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਏ ਬਿਨੈ-ਪੱਤਰਾਂ ਤੇ ਗੋਰ ਨਹੀਂ ਕੀਤੀ ਜਾਵੇਗੀ। ਚਾਹਵਾਨ ਉਮੀਦਵਾਰਾਂ ਵੱਲੋਂ ਬਿਨੈ-ਪੱਤਰ ਵਿੱਚ ਦਰਜ ਦਸਤਾਵੇਜਾਂ ਦੀਆਂ ਸਵੈ-ਤਸਦੀਕ ਕਾਪੀਆਂ ਨਾਲ ਨੱਥੀ ਕੀਤੀਆਂ ਜਾਣ। ਇਸ ਤੋਂ ਇਲਾਵਾ ਚਾਹਵਾਨ ਉਮੀਦਵਾਰ ਹੇਠ ਲਿਖੀਆਂ ਸ਼ਰਤਾਂ ਪੂਰੀਆਂ ਕਰਦਾ ਹੋਣਾ ਚਾਹੀਦਾ ਹੈ:-

1. ਉਮੀਦਵਾਰ ਉਪਰੋਕਤ ਅਸਾਮੀ ਲਈ ਨਿਰਧਾਰਿਤ ਯੋਗਤਾ ਪੂਰੀ ਕਰਦਾ ਹੋਵੇ।
2. ਸਰਕਾਰ ਦੀਆਂ ਹਦਾਇਤਾਂ ਅਨੁਸਾਰ ਨਿਰਧਾਰਿਤ ਉਮਰ ਹੱਦ ਅਨੁਸਾਰ ਯੋਗ ਹੋਵੇ ਭਾਵ ਉਮੀਦਵਾਰ ਦੀ ਉਮਰ ਮਿਤੀ 01-01-2021 ਨੂੰ 18 ਸਾਲ ਤੋਂ 37 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ।ਇਨ੍ਹਾਂ ਨਿਯੁਕਤੀਆਂ ਵਿੱਚ ਪੰਜਾਬ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਰਿਜ਼ਰਵੇਸ਼ਨ ਪਾਲਿਸੀ ਲਾਗੂ ਕੀਤੀ ਜਾਵੇਗੀ ਅਤੇ ਉਮਰ ਵਿੱਚ ਬਣਦੀ ਛੋਟ ਦਿੱਤੀ ਜਾਵੇਗੀ।
3. ਉਮੀਦਵਾਰ ਵਿਰੁੱਧ ਕੋਈ ਵੀ ਫੌਜਦਾਰੀ ਕੇਸ ਨਾ ਚੱਲ ਰਿਹਾ ਹੋਵੇ। ਇਸ ਸਬੰਧੀ ਉਮੀਦਵਾਰ ਤੋਂ ਸਵੈ-ਘੋਸ਼ਣਾ ਵੀ ਨਾਲ ਨੱਥੀ ਕੀਤੀ ਜਾਵੇ।
4. ਘੱਟੋ-ਘੱਟ ਤਿੰਨ ਸਾਲ ਦਾ ਤਜ਼ਰਬਾ ਰੱਖਣ ਵਾਲੇ ਨੂੰ ਤਰਜੀਹ ਦਿੱਤੀ ਜਾਵੇਗੀ। ਤਜਰਬੇ ਦੇ ਅਰਸੇ (Length of experience) ਦੇ ਅਧਾਰ ਤੇ weightage ਦਿੱਤੀ ਜਾਵੇਗੀ।
5. ਉਮੀਦਵਾਰ ਪੰਜਾਬ ਦਾ ਪੱਕਾ ਵਸਨੀਕ ਹੋਵੇ।

ਸਫਾਈ ਕਰਮਚਾਰੀਆਂ ਅਤੇ ਸੀਵਰਮੈਨਾਂ ਦੀ ਪੰਜਾਬ ਮਿਉਂਸਪਲ ਸਫਾਈ ਕਰਮਚਾਰੀ ਸੇਵਾ ਨਿਯਮ 1984 ਅਧੀਨ ਕੀਤੀ ਜਾਣੀ ਹੈ। ਸਰਕਾਰ ਦੀਆਂ ਹਦਾਇਤਾਂ ਅੁਸਾਰ ਸਫਾਈ ਸੇਵਕਾਂ ਅਤੇ ਸੀਵਰਮੈਨਾਂ ਦੀਆਂ ਨਿਯੁਕਤੀਆਂ ਲਈ ਸਥਾਨਕ ਸਰਕਾਰਾਂ ਵਿਭਾਗ ਵਿੱਚ ਅਤੇ ਨਿਯੁਕਤੀ ਲਈ ਘੱਟੋ-ਘੱਟ ਉਮਰ ਵਿੱਚ ਉਮੀਦਵਾਰ ਦੇ ਤਜ਼ਰਬੇ ਦੇ ਬਰਾਬਰ, ਛੋਟ ਦਿੱਤੀ ਜਾਵੇਗੀ। ਉਮੀਦਵਾਰ ਫਿਜ਼ੀਕਲੀ ਫਿਟ ਹੋਣਾ ਚਾਹੀਦਾ ਹੈ।

ਨਗਰ ਕੌਂਸਲ ਕੁਰਾਲੀ ਵੱਲੋਂ ਨਿਯੁਕਤੀ ਕੀਤੀ ਜਾ ਰਹੇ ਸਫਾਈ ਸੇਵਕਾਂ/ਸੀਵਰਮੈਨਾਂ ਤੋਂ ਸਫਾਈ ਦੇ ਕੰਮ, ਨਾਲੇ/ਨਾਲੀਆਂ ਦੀ ਸਫਾਈ, ਕੂੜਾ ਲਿਫਟਿੰਗ, ਸੋਲਿਡ ਵੇਸਟ ਦੇਖਭਾਲ ਦੇ ਕੰਮਾਂ ਅਤੇ ਮਾਲੀ ਬੇਲਦਾਰ/ਕੁਲੀ ਦਾ ਕੰਮ ਲਿਆ ਜਾ ਸਕਦਾ ਹੈ।

ਬਿਨੈਕਾਰ ਦੀ ਤਸਦੀਕਸ਼ੁਦਾ ਫੋਟੋ

### ਕੰਨਟਰੈਕਟ ਬੇਸ ਤੇ ਸਫਾਈ ਸੇਵਕ/ਸੀਵਰਮੈਨ ਦੀ ਅਸਾਮੀ ਲਈ ਬਿਨੈ ਪੱਤਰ

ਅਸਾਮੀ ਦਾ ਨਾਮ:

| | | |
|---|---|---|
| 1. | ਉਮੀਦਵਾਰ ਦਾ ਨਾਮ | |
| 2. | ਪਿਤਾ/ਪਤੀ ਦਾ ਨਾਮ | |
| 3. | ਜਨਮ ਮਿਤੀ (ਸਬੂਤ ਨਾਲ ਨੱਥੀ) | |
| 4. | ਉਮਰ (ਪ੍ਰਸੋਨਲ ਪਾਲਿਸੀਜ਼-1 ਸ਼ਾਖਾ ਦੇ ਪੱਤਰ ਨੰ:-9/56/2020-5PP1/33 ਮਿਤੀ 12/01/2021 ਰਾਹੀਂ ਛੋਟ ਦਿੱਤੀ ਜਾਵੇਗੀ) | |
| 5. | ਜਨਮ ਦਾ ਸਥਾਨ (ਜ਼ਿਲ੍ਹਾ ਅਤੇ ਰਾਜ) | |
| 6. | ਘਰ ਦਾ ਪੱਕਾ ਪਤਾ | |
| 7. | ਪੱਤਰ ਵਿਹਾਰ ਲਈ ਪਤਾ | |
| 8. | ਟੈਲੀਫੋਨ ਨੰਬਰ/ਮੋਬਾਇਲ ਨੰਬਰ | |
| 9. | ਕੈਟਾਗਿਰੀ | |
| 10. | ਕੌਮੀਅਤ (Nationality) | |
| 11. | ਵਿਦਿਅੱਕ ਯੋਗਤਾ | |

| | ਪਾਸ ਪ੍ਰੀਖਿਆ ਦਾ ਨਾਮ | ਬੋਰਡ/ਯੂਨੀਵਰਸਿਟੀ | ਪ੍ਰੀਖਿਆ ਪਾਸ ਕਰਨ ਦਾ ਸਾਲ | ਕੁੱਲ ਅੰਕ | ਪ੍ਰਾਪਤ ਕੀਤੇ ਅੰਕ | ਪ੍ਰਾਪਤ ਕੀਤੇ ਅੰਕਾਂ ਦੀ ਪ੍ਰਤੀਸ਼ਤ (%) |
|---|---|---|---|---|---|---|
| | | | | | | |
| | | | | | | |

12. ਕੀ ਪੰਜਾਬੀ ਪੜ੍ਹ ਲਿਖ ਸਕਦਾ ਹੈ? ਹਾਂ ਜਾਂ ਨਹੀਂ ( )
13. ੳ) ਤਜਰਬਾ (ਕਦੋਂ ਤੋਂ ਕਦੋਂ ਤੱਕ) ਸੰਸਥਾ ਦਾ ਨਾਂ:

(ਨੋਟ: ਤਜਰਬਾ ਕਮਿਸ਼ਨਰ/ਕਾਰਜ ਸਾਧਕ ਅਫਸਰ/ਸੰਸਥਾ ਦੇ ਮੁਖੀ ਵੱਲੋਂ ਰਿਕਾਰਡ ਦੇ ਅਧਾਰ ਤੇ ਵੈਰੀਫਾਈ ਕੀਤਾ ਜਾਵੇਗਾ)

ਅ) ਈ.ਪੀ.ਐਫ ਨੰਬਰ ਜੇਕਰ ਹੈ ਤਾਂ)

ੲ) ਸੈਲਰੀ ਅਕਾਊਂਟ ਨੰਬਰ (ਬੈਂਕ ਡਿਟੇਲ)

### ਸਵੈ ਘੋਸ਼ਣਾ

ਮੈਂ ........................ ਪੁੱਤਰ/ਪੁੱਤਰੀ ਸ਼੍ਰੀ........................ ਉਮਰ................ ਘੋਸ਼ਣਾ ਕਰਦਾ/ਕਰਦੀ ਹਾਂ ਕਿ ਮੈਂ ਪੰਜਾਬ ਦਾ ਪੱਕਾ ਵਸਨੀਕ ਹਾਂ ਅਤੇ ਮੇਰੇ ਖਿਲਾਫ ਕੋਈ ਵੀ ਫੌਜਦਾਰੀ ਕੇਸ ਨਹੀਂ ਚੱਲ ਰਿਹਾ। ਮੇਰੀ ਜਾਣਕਾਰੀ ਅਨੁਸਾਰ ਉਕਤ ਸੂਚਨਾ ਅਤੇ ਨੱਥੀ ਦਸਤਾਵੇਜ਼ ਠੀਕ ਅਤੇ ਸਹੀ ਹਨ। ਇਨ੍ਹਾਂ ਵਿੱਚ ਮੈਂ ਕੋਈ ਤੱਥ ਲੁਕਾਇਆ ਨਹੀਂ ਹੈ। ਜੇਕਰ ਮੇਰੇ ਵੱਲੋਂ ਦਿੱਤੀ ਗਈ ਸੂਚਨਾ ਕਿਸੇ ਸਮੇਂ ਵੀ ਗਲਤ ਪਾਈ ਗਈ ਤਾਂ ਸਮਰੱਥ ਅਥਾਰਟੀ ਨੂੰ ਮੇਰੇ ਵਿਰੁੱਧ ਕਾਨੂੰਨ ਅਨੁਸਾਰ ਕਾਰਵਾਈ ਕਰਨ ਦੀ ਖੁੱਲ੍ਹ ਹੋਵੇਗੀ।

ਮਿਤੀ:

ਸਥਾਨ: ਉਮੀਦਵਾਰ ਦੇ ਹਸਤਾਖਰ

ਨੱਥੀ ਦਸਤਾਵੇਜ਼: 1.
2.
3.

ਪ੍ਰਧਾਨ, ਸਿਲੇਕਸ਼ਨ ਕਮੇਟੀ-ਕਮ-
ਪ੍ਰਧਾਨ
ਨਗਰ ਕੌਂਸਲ, ਕੁਰਾਲੀ
President
Municipal Council, Kurali

ਮੈਂਬਰ ਸਕੱਤਰ, ਸਿਲੇਕਸ਼ਨ ਕਮੇਟੀ-ਕਮ-
ਕਾਰਜਸਾਧਕ ਅਫਸਰ,
ਨਗਰ ਕੌਂਸਲ, ਕੁਰਾਲੀ।
Executive Officer
Municipal Council, Kurali

Scanned with CamScanner

# ਭਰਤੀ ਸੂਚਨਾ

# ਪੰਜਾਬ ਸਰਕਾਰ

## ਸਫਾਈ ਸੇਵਕ ਅਤੇ ਸੀਵਰਮੈਨਜ਼ ਦੀਆਂ ਅਸਾਮੀਆਂ ਲਈ ਭਰਤੀ ਸੂਚਨਾ

ਸਥਾਨਕ ਸਰਕਾਰ ਪੰਜਾਬ, ਚੰਡੀਗੜ੍ਹ ਦੇ ਵਿਭਾਗ ਵਿੱਚ ਮਿਉਂਸਪਲ ਕੌਂਸਲ ਕੁਰਾਲੀ ਦੁਆਰਾ ਹੇਠਾਂ ਲਿਖੀਆਂ ਅਸਾਮੀਆਂ ਲਈ ਬਿਨੈਪੱਤਰਾਂ ਦੀ ਮੰਗ ਕੀਤੀ ਜਾਂਦੀ ਹੈ:-

| ਲੜੀ ਨੰ: | ਅਸਾਮੀ ਦਾ ਨਾਮ | ਖਾਲੀ ਅਸਾਮੀਆਂ ਦੀ ਗਿਣਤੀ | ਮਿਹਨਤਾਨਾ ਰੁ: ਵਿੱਚ |
|---|---|---|---|
| 1. | ਸਫਾਈ ਸੇਵਕ | 60 | ਰੈਗੂਲਰ ਤਨਖਾਹ ਸਕੇਲ ਦੀਆਂ ਅਸਾਮੀਆਂ ਵਿਰੁੱਧ ਡਿਪਟੀ ਕਮਿਸ਼ਨਰ ਵੱਲੋਂ ਸਮੇਂ-ਸਮੇਂ ਨਿਰਧਾਰਿਤ ਲੇਬਰ ਰੇਟਾਂ ਦੀ ਅਦਾਇਗੀ ਤੇ ਠੇਕਾ ਅਧਾਰ ਤੇ |
| 2. | ਸੀਵਰਮੈਨ | 10 | ---------ਉਕਤ-------- |

ਅੰਤਿਮ ਮਿਤੀ ਅਤੇ ਸਮਾਂ 16.08.2021 ਨੂੰ ਸ਼ਾਮ 5.00 ਵਜੇ ਤੱਕ
ਵੇਰਵਿਆਂ ਲਈ ਲਾਗਆੱਨ ਕਰੋ http://lgpunjab.gov.in
ਟਿੱਪਣੀ:-ਭਰਤੀ ਸੂਚਨਾ ਲਈ ਕੋਈ ਵੀ ਸੋਧ ਉਪਰੋਕਤ ਵੈੱਬਸਾਈਟ ਤੇ ਪ੍ਰਕਾਸ਼ਿਤ ਕੀਤੀ ਜਾਵੇਗੀ।

ਸਹੀ/-
ਪ੍ਰਧਾਨ,
ਨਗਰ ਕੌਂਸਲ, ਕੁਰਾਲੀ।

ਸਹੀ/-
ਕਾਰਜਸਾਧਕ ਅਫਸਰ,
ਨਗਰ ਕੌਂਸਲ, ਕੁਰਾਲੀ।

Scanned with CamScanner